# ਪੰਜਾਬ ਸਕੂਲ ਸਿੱਖਿਆ ਬੋਰਡ

----------------

## ਪ੍ਰੈਸ ਨੋਟ

ਮੈਟ੍ਰਿਕ ਅਤੇ ਬਾਰਵ੍ਹੀਂ ਪਰੀਖਿਆ ਮਾਰਚ 2013 ਦੇ ਰੈਗੂਲਰ ਅਤੇ ਓਪਨ ਸਕੂਲਾਂ ਦੇ ਪਰੀਖਿਆਰਥੀਆਂ ਦੇ ਪਰੀਖਿਆ ਫਾਰਮ ਜ਼ਿਲ੍ਹਾ ਪੱਧਰ ਤੇ ਸਥਿਤ ਬੋਰਡ ਦੇ ਖੇਤਰੀ ਦਫ਼ਤਰਾਂ ਵਿੱਚ 27/10/2012 ਨੂੰ ਭੇਜੇ ਜਾ ਰਹੇ ਹਨ। ਸਬੰਧਤ ਸਕੂਲਾਂ ਦੇ ਮੁੱਖੀ ਜਾਂ ਉਹਨਾਂ ਦੇ ਨੁਮਾਇੰਦੇ ਆਪਣੇ ਰੈਗੂਲਰ ਅਤੇ ਓਪਨ ਸਕੂਲਾਂ ਦੇ ਪਰੀਖਿਆਰਥੀਆਂ ਦੇ ਪਰੀਖਿਆ ਫਾਰਮ ਆਪਣੇ ਸਬੰਧਤ ਜ਼ਿਲ੍ਹਾ ਖੇਤਰੀ ਦਫ਼ਤਰਾਂ ਤੋਂ 30/10/2012 ਨੂੰ ਪ੍ਰਾਪਤ ਕਰ ਲੈਣ। ਜ਼ਿਲ੍ਹਾ ਬਰਨਾਲਾ ਦੇ ਸਕੂਲਾਂ ਦੇ ਮੁੱਖੀ ਆਪਣੇ ਸਕੂਲਾਂ ਦੇ ਪਰੀਖਿਆ ਫਾਰਮ ਖੇਤਰੀ ਦਫ਼ਤਰ ਸੰਗਰੂਰ ਤੋਂ, ਜ਼ਿਲ੍ਹਾ ਸੰਗਰੂਰ ਦੀ ਮੂਨਕ ਤਹਿਸੀਲ ਵਿੱਚ ਪੈਂਦੇ ਸਕੂਲਾਂ ਦੇ ਪਰੀਖਿਆ ਫਾਰਮ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਮੂਨਕ ਵਿਖੇ ਸਥਿਤ ਖੇਤਰੀ ਦਫ਼ਤਰ ਤੋਂ, ਜ਼ਿਲ੍ਹਾ ਤਰਨ-ਤਾਰਨ ਵਿੱਚ ਪੈਂਦੇ ਸਕੂਲਾਂ ਦੇ ਮੁੱਖੀ ਆਪਣੇ ਸਕੂਲਾਂ ਦੇ ਪਰੀਖਿਆ ਫਾਰਮ ਖੇਤਰੀ ਦਫ਼ਤਰ ਪੱਟੀ ਤੋਂ, ਜ਼ਿਲ੍ਹਾ ਫ਼ਾਜ਼ਿਲਕਾ ਦੇ ਸਕੂਲਾਂ ਦੇ ਪਰੀਖਿਆ ਫਾਰਮ ਖੇਤਰੀ ਦਫ਼ਤਰ ਅਬੋਹਰ ਤੋਂ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਪੈਂਦੇ ਸਕੂਲਾਂ ਦੇ ਮੁੱਖੀ ਆਪਣੇ ਸਕੂਲਾਂ ਦੇ ਪਰੀਖਿਆ ਫਾਰਮ ਮੁੱਖ ਦਫ਼ਤਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ ਪ੍ਰਾਪਤ ਕਰਨਗੇ। ਪਰੀਖਿਆ ਫ਼ੀਸ ਦੇ ਬੈਂਕ ਡਰਾਫਟ ਸਕੱਤਰ , ਪੰਜਾਬ ਸਕੂਲ ਸਿੱਖਿਆ ਬੋਰਡ, ਪੇਏਬਲ ਐਟ ਸਬੰਧਤ ਖੇਤਰੀ ਦਫਤਰ ਦੇ ਸਥਾਨ ਦੇ ਨਾਮ ਤੇ ਬਣਾਏ ਜਾਣ ।

(ਡਾ: ਬਲਵਿੰਦਰ ਸਿੰਘ)
ਸਕੱਤਰ